International Journal of Professional Development
Vol.10,No.1,Jan-June2021 ISSN: 2277-517X (Print), 2279-0659 (Online)
Impact Factor: 3.017(IFSIJ)

# ਭਾਰਤੀ ਸੰਸਕ੍ਰਿਤੀ ਅਤੇ ਅਧਿਆਤਮਿਕਤਾ: ਇੱਕ ਅਧਿਐਨ

**ਸੰਤੋਸ਼ ਕੁਮਾਰੀ**
ਰਿਸਰਚ ਸਕਾਲਰ, ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)

ਧਰਮ, ਦਰਸ਼ਨ, ਗਿਆਨ-ਵਿਗਿਆਨ, ਰੀਤੀ-ਰਿਵਾਜ, ਖਾਣ-ਪੀਣ ਦੇ ਢੰਗ, ਆਦਰਸ਼, ਸੰਸਕਾਰ ਆਦਿ ਦੇ ਸੁਮੇਲ ਨੂੰ ਸੰਸਕ੍ਰਿਤੀ ਕਿਹਾ ਜਾਂਦਾ ਹੈ। ਸੰਸਕ੍ਰਿਤੀ, ਸਮਾਜ ਵਿੱਚ ਲੰਬੇ ਕਾਲਖੰਡ ਦੌਰਾਨ ਹੋਂਦ ਵਿੱਚ ਆਈ ਕਿਉਂਕਿ ਮਨੁੱਖ ਆਪਣੀ ਜੀਵਨ-ਸ਼ੈਲੀ ਨੂੰ ਸੁਧਾਰਨ ਲਈ ਸਦਾ ਤੋਂ ਯਤਨਸ਼ੀਲ ਰਿਹਾ। ਸੰਸਕ੍ਰਿਤੀ ਦਾ ਮੌਲਿਕ ਗੁਣ ਸਮਾਜ ਵਿੱਚ ਏਕਤਾ ਦੇ ਭਾਵ ਨੂੰ ਸਥਾਪਿਤ ਕਰਨਾ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ, ਮਨੁੱਖ ਆਪਣੀ ਸਮਝ ਨਾਲ, ਜੋ ਵੀ ਆਪਣਾ ਕਾਰਜ ਖੇਤਰ ਸਿਰਜਦਾ ਹੈ, ਉਸ ਨੂੰ ਸੰਸਕ੍ਰਿਤੀ ਕਿਹਾ ਜਾਂਦਾ ਹੈ।

**ਸੰਸਕ੍ਰਿਤੀ ਦਾ ਸਮਾਜ ਨਾਲ ਸੰਬੰਧ:**

ਸੰਸਕ੍ਰਿਤੀ ਸਮਾਜ ਦੀ ਜੀਵਨ ਵਿਧੀ ਹੈ, ਜੋ ਪਰਿਵਰਤਨਸ਼ੀਲ ਹੋਣ ਦੇ ਨਾਲ-ਨਾਲ ਪੀੜ੍ਹੀ-ਦਰ-ਪੀੜ੍ਹੀ ਅੱਗੇ ਵੱਧਦੀ ਹੈ। ਅਸਲ ਵਿੱਚ, ਸੰਸਕ੍ਰਿਤੀ ਮਾਨਵੀ ਸਮਾਜ ਦੀ ਅੰਦਰੂਨੀ ਅਭਿਵਅਕਤੀ ਹੈ। ਕੁਝ ਵਿਦਵਾਨ ਸਮਾਜ ਦੀ ਵਿਰਾਸਤ ਨੂੰ ਸੰਸਕ੍ਰਿਤੀ ਮੰਨਦੇ ਹਨ ਅਤੇ ਕੁਝ ਵਿਦਵਾਨ ਅਭੌਤਿਕ ਵਿਰਾਸਤ ਮਾਨਵ ਸਮਾਜ ਦੀ ਅੰਦਰ ਅਵਸਥਾ ਕਹਿੰਦੇ ਹਨ। ਗਿਆਨ ਦੇ ਪਿੜ ਵਿੱਚ ਸੰਸਕ੍ਰਿਤੀ ਇੱਕ ਅਜਿਹਾ ਖੇਤਰ ਹੈ, ਜਿਸਦਾ ਘੇਰਾ ਵਿਸ਼ਾਲ ਹੈ ਕਿਉਂਕਿ ਇਸ ਵਿੱਚ ਮਨੁੱਖੀ ਵਿਸ਼ਵਾਸਾਂ, ਨੈਤਿਕ ਨਿਯਮਾਂ, ਸਮਾਜਿਕ ਮਾਪਦੰਡਾਂ, ਰਾਜਨੀਤਿਕ ਅਤੇ ਆਰਥਿਕ ਸੰਗਠਨਾਂ ਦਾ ਸੁਮੇਲ ਰਹਿੰਦਾ ਹੈ।

**ਸੰਸਕ੍ਰਿਤੀ ਸ਼ਬਦ ਦੇ ਅਰਥ ਤੇ ਪਰਿਭਾਸ਼ਾ:**

'ਸੰਸਕ੍ਰਿਤੀ' ਸ਼ਬਦ ਦੇ ਅਰਥ ਅਤਿ-ਵਿਸ਼ਾਲ ਹਨ। 'ਬ੍ਰਿਹਤ ਹਿੰਦੀ ਕੋਸ਼' ਅਨੁਸਾਰ, "ਸੰਸਕ੍ਰਿਤੀ ਸ਼ਬਦ ਦਾ ਅਰਥ ਹੈ: ਸ਼ੁੱਧੀ, ਸੁਧਾਰ, ਨਿਰਮਾਣ, ਸ਼ੁੱਧੀਕਰਣ ਆਚਰਣਗਤ ਪਰੰਪਰਾਵਾਂ ਅਤੇ ਸੱਭਿਅਤਾ ਦਾ ਉਹ ਸਰੂਪ, ਜਿਹੜਾ ਕਿ ਅਧਿਆਤਮਕ ਅਤੇ ਮਾਨਸਿਕ ਵਿਸ਼ੇਸ਼ਤਾ ਨਾਲ ਬਣਦਾ ਹੈ।"

ਸੰਸਕ੍ਰਿਤੀ ਸ਼ਬਦ ਦੀ ਉਤਪੱਤੀ ਬਾਰੇ ਭਾਰਤੀ ਸਮਾਜ ਸ਼ਾਸਤਰੀਆਂ ਦਾ ਵਿਚਾਰ ਹੈ ਕਿ 'ਸੰਸਕ੍ਰਿਤੀ' ਸ਼ਬਦ ਦੀ ਉਤਪੱਤੀ ਸੰਸਕ੍ਰਿਤ ਦੇ 'ਕਿ' ਧਾਤੂ ਨਾਲ 'ਕਿਤਨ' ਪ੍ਰਤਯ ਅਤੇ 'ਸਮ' ਉਪਸਰਗ ਦੇ ਨਾਲ ਹੋਈ। ਅਰਥਾਤ: ਸਮ+ਕਿ+ਕਿਤਨ=ਸੰਸਕ੍ਰਿਤੀ। ਹਿੰਦੀ ਪੰਜਾਬੀ ਕੋਸ਼ ਵਿੱਚ ਸੰਸਕ੍ਰਿਤੀ ਸ਼ਬਦ ਦੇ ਅਰਥ ਪੂਰਾ ਕਰਨਾ, ਸ਼ੁੱਧੀ, ਸਜਾਵਟ ਅਤੇ ਸੱਭਿਆਚਾਰ ਮਿਲਦੇ ਹਨ। ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼ ਵਿੱਚ 'ਸਭਯਤਾ' ਦੇ ਪਰਿਆਇ ਸ਼ਬਦਾਂ ਵਿੱਚ ਸੰਸਕ੍ਰਿਤੀ, ਅਦਬ, ਤਹਿਜ਼ੀਬ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ।"

ਅੰਗਰੇਜ਼ੀ ਵਿੱਚ ਸੰਸਕ੍ਰਿਤੀ ਨੂੰ ਕਲਚਰ **(Culture)** ਕਹਿੰਦੇ ਹਨ। ਪੰਜਾਬੀ ਅੰਗਰੇਜ਼ੀ ਕੋਸ਼ ਵਿੱਚ ਸੰਸਕ੍ਰਿਤੀ ਦੇ ਅਰਥ ਕਲਚਰ ਅਤੇ ਸਿਵਲਾਈਜੇਸ਼ਨ **(Civilization)** ਮਿਲਦੇ ਹਨ।

**ਸੰਸਕ੍ਰਿਤੀ ਅਤੇ ਸੱਭਿਅਤਾ:**

ਸੱਭਿਅਤਾ ਅਤੇ ਸੰਸਕ੍ਰਿਤੀ ਮਨੁੱਖੀ ਵਿਕਾਸ ਦੇ ਦੋ ਪਹਿਲੂ ਹਨ। ਸੱਭਿਅਤਾ ਦੁਆਰਾ ਮਨੁੱਖ ਆਪਣੀਆ ਪ੍ਰਸਥਿਤੀਆਂ ਨੂੰ ਇਸ ਤਰ੍ਹਾਂ ਨਿਯੰਤਰਿਤ ਅਤੇ ਪਰਿਵਰਤਿਤ ਕਰਦਾ ਹੈ ਕਿ ਉਹ ਵੱਧ ਤੋਂ ਵੱਧ ਮਨੁੱਖਾ ਦੇ ਲਈ ਸੁਤੰਤਰ ਪੂਰਵਕ ਰਹਿਣ ਦੀਆਂ ਸਥਿਤੀਆਂ ਪ੍ਰਦਾਨ ਕਰ ਸਕੇ। ਜ਼ਿਆਦਾਤਰ ਸੱਭਿਅਤਾ ਨੂੰ ਸੰਸਕ੍ਰਿਤੀ ਦਾ ਹੀ ਰੂਪ ਮੰਨ ਲਿਆ ਜਾਂਦਾ ਹੈ ਪਰ ਸੱਭਿਅਤਾ ਅਤੇ ਸੰਸਕ੍ਰਿਤੀ ਵਿੱਚ ਬਹੁਤ ਅੰਤਰ ਹੈ। ਸੱਭਿਅਤਾ ਤੋਂ ਭਾਵ ਸਮਾਜ ਦੀ ਉਸ ਸਥਿਤੀ ਨਾਲ ਹੈ, ਜਿਸ ਵਿੱਚ ਮਨੁੱਖ ਆਪਣੀਆਂ ਨਿੱਜੀ ਜ਼ਰੂਰਤਾਂ ਨੂੰ ਸਹਿਜੇ ਹੀ ਪੂਰਾ ਕਰ ਸਕੇ। ਜਦ ਕਿ ਸੰਸਕ੍ਰਿਤੀ ਦਾ ਅਰਥ, ਉਨ੍ਹਾਂ ਸਾਰੀਆਂ ਕਲਾਵਾਂ ਅਤੇ ਤਰੱਕੀਆਂ ਤੋਂ ਹੈ, ਜਿਨ੍ਹਾਂ ਦੇ ਦੁਆਰਾ ਇਤਿਹਾਸ ਵਿੱਚ ਸੱਭਿਅਤਾ ਦਾ ਵੀ ਸਮਾਵੇਸ਼ ਹੁੰਦਾ ਹੈ, ਜਿਸ ਕਰਕੇ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਇਕ-ਦੂਜੇ ਨਾਲ ਡੂੰਘਾ ਸੰਬੰਧ ਮੰਨਿਆ ਜਾਂਦਾ ਹੈ। ਸੰਸਕ੍ਰਿਤੀ ਕਾਰਜਾਂ ਨਾਲ ਸੱਭਿਅਤਾ ਦਾ ਵਿਕਾਸ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਜਿਸ ਸਮਾਜ ਵਿੱਚ ਸੰਸਕ੍ਰਿਤੀ ਨਹੀਂ ਹੁੰਦੀ, ਉਹ ਸਮਾਜ ਸੱਭਿਅਤਾ ਪੱਖੋਂ ਵੀ ਮਜ਼ਬੂਤ ਨਹੀਂ ਹੁੰਦਾ।

ਸੰਸਕ੍ਰਿਤੀ ਸਮਾਜਿਕ ਸੱਭਿਅਤਾ ਦਾ ਮੂਲ ਆਧਾਰ ਹੈ। ਸਮਾਜ ਦੀਆਂ ਸਾਰੀਆਂ ਅਧਿਆਤਮਕ ਅਤੇ ਭੌਤਿਕ ਉਪਲਬੱਧੀਆਂ ਸੱਭਿਅਤਾ ਅਤੇ ਸੰਸਕ੍ਰਿਤੀ ਦੇ ਅੰਤਰਗਤ ਹੀ ਆਉਂਦੀਆਂ ਹਨ। ਸੱਭਿਅਤਾ ਅਤੇ ਸੰਸਕ੍ਰਿਤੀ ਮਨੁੱਖੀ ਜੀਵਨ ਦੀ ਸਿਰਜਣਾ ਕਰਨ ਵਾਲੇ ਕਾਰਜਾਂ ਦਾ ਸਿੱਟਾ ਹੈ। ਜਦ ਵੀ ਮਨੁੱਖ ਉਪਯੋਗੀ ਕੰਮ ਦੇ ਵੱਲ ਵਧਦਾ ਹੈ, ਤਦ ਸੱਭਿਅਤਾ ਦਾ ਜਨਮ ਸਮਾਜ ਵਿੱਚ ਹੁੰਦਾ ਹੈ ਅਤੇ ਜਦੋਂ ਭਾਵਨਾ, ਚੇਤਨਾ ਅਤੇ ਕਲਪਨਾ ਦੀ ਤਰਫ਼ ਮਨੁੱਖ ਚਿੰਤਨ ਕਰਦਾ ਹੈ, ਸੰਸਕ੍ਰਿਤੀ ਦਾ ਜਨਮ ਹੁੰਦਾ ਹੈ। ਭਾਰਤੀ ਸੰਸਕ੍ਰਿਤੀ ਅਤੇ ਸੱਭਿਅਤਾ ਵਿੱਚ ਧਰਮ, ਅਧਿਆਤਮ, ਲਲਿਤ ਕਲਾਵਾਂ, ਗਿਆਨ-ਵਿਗਿਆਨ, ਨੀਤੀ, ਵਿਧੀ-ਵਿਧਾਨ ਆਦਿ ਨੂੰ ਇਥੋਂ ਦੀ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਮੂਲ ਤੱਤ ਮੰਨਿਆ ਜਾਂਦਾ ਹੈ। ਭਾਰਤੀ ਸੰਸਕ੍ਰਿਤੀ ਅਤੇ ਸੱਭਿਅਤਾ 'ਤੇ ਹਜ਼ਾਰਾਂ ਸਾਲਾਂ ਤੋਂ ਵੱਖ-ਵੱਖ ਸੰਸਕ੍ਰਿਤੀਆਂ ਦਾ ਮੇਲ ਹੋਇਆ ਹੈ, ਪਰੰਤੂ ਫਿਰ ਵੀ ਇਸਦਾ ਅਸਲ ਰੂਪ ਕਦੇ ਨਹੀਂ ਬਦਲਿਆ।

ਡਾ. ਰਾਜ ਕੁਮਾਰ ਦਾ ਕਥਨ ਹੈ ਕਿ 'ਸਭਯ' ਦਾ ਅਰਥ 'ਸਭਾ ਵਿੱਚ ਬੈਠਣਯੋਗ' ਅਤੇ 'ਸੱਭਿਅਤਾ' ਦਾ ਅਰਥ 'ਵਿਅਕਤੀ ਦਾ ਉਹ ਗੁਣ, ਜਿਹੜਾ ਉਸਨੂੰ ਕਿਸੇ ਸਮਾਜ, ਦੇਸ਼ ਅਤੇ ਸਭਾ ਦਾ ਚੰਗਾ ਨਾਗਰਿਕ ਬਣਾਉਂਦਾ ਹੈ ਅਤੇ ਚੰਗਾ ਨਾਗਰਿਕ ਉਹੀ ਹੈ, ਜੋ ਆਪਣੀ ਨੈਤਿਕ ਜ਼ਰੂਰਤਾਂ ਦੀ ਪੂਰਤੀ ਕਰਦਿਆਂ, ਭੌਤਿਕ ਉੱਨਤੀ ਕਰੇ।" ਮੈਥਿਊ ਆਰਨੋਲਡ ਅਨੁਸਾਰ, "ਮਨੁੱਖ ਦਾ ਸਮਾਜ ਵਿੱਚ ਮਾਨਵੀਕਰਣ ਹੀ ਸੱਭਿਅਤਾ ਹੈ।"

www.ijpd.co.in

ਸੱਭਿਅਤਾ ਅਤੇ ਸੰਸਕ੍ਰਿਤੀ ਦੇ ਅੰਤਰਭੇਦ ਨੂੰ ਸਪੱਸ਼ਟ ਕਰਦਿਆਂ ਡਾ. ਪ੍ਰਸੰਨ ਕੁਮਾਰ ਅਚਾਰਿਆ ਕਹਿੰਦੇ ਹਨ, "ਸੰਸਕ੍ਰਿਤੀ ਭੌਤਿਕ ਵਿਕਾਸ ਦੀ ਅਵਸਥਾ ਨੂੰ ਸੂਚਿਤ ਕਰਦੀ ਹੈ ਅਤੇ ਸੱਭਿਅਤਾ ਦੇ ਸਿੱਟੇ ਵਜੋਂ ਸਰੀਰਕ ਅਤੇ ਭੌਤਿਕ ਵਿਕਾਸ ਹੁੰਦਾ ਹੈ। ਸੰਸਕ੍ਰਿਤੀ ਦਾ ਸੰਬੰਧ ਆਤਮਾ ਨਾਲ ਅਤੇ ਸੱਭਿਅਤਾ ਦਾ ਸੰਬੰਧ ਕਾਰਜਾਂ ਨਾਲ ਹੈ। ਸੱਭਿਅਤਾ ਅਤੇ ਸੰਸਕ੍ਰਿਤੀ ਦੇ ਸੰਬੰਧ ਨੂੰ ਸਪੱਸ਼ਟ ਕਰਦੇ ਹੋਏ, ਮੈਕਾਈਵਰ ਦੱਸਦੇ ਹਨ ਕਿ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਗਹਿਰਾ ਸੰਬੰਧ ਹੈ ਅਤੇ ਸੰਸਕ੍ਰਿਤੀ ਤੇ ਸੱਭਿਅਤਾ ਤੋਂ ਬਿਨਾਂ ਕਿਸੇ ਵੀ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸੰਸਕ੍ਰਿਤੀ ਅਤੇ ਸੱਭਿਅਤਾ ਇੱਕ ਦੂਜੇ ਦੇ ਪੂਰਕ ਹਨ।

ਭਾਰਤੀ ਸੰਸਕ੍ਰਿਤੀ ਦੀ ਸਭ ਤੋਂ ਅਹਿਮ ਗੱਲ ਇਹ ਰਹੀ ਹੈ ਕਿ ਸ਼ੁਰੂ ਤੋਂ ਹੀ ਇਸਦਾ ਸੰਬੰਧ ਮਨੁੱਖ ਦੇ ਭੌਤਿਕ ਅਤੇ ਅਭੌਤਿਕ ਭਾਵਾਂ ਨਾਲ ਰਿਹਾ ਹੈ। ਸੱਭਿਅਤਾ ਤੋਂ ਭਾਵ ਉਸ ਸਮਾਜ ਨਾਲ ਹੈ, ਜਿੱਥੇ ਲੋਕ ਆਪਸੀ ਮੇਲ-ਮਿਲਾਪ ਅਤੇ ਸਦੀਆਂ ਤੋਂ ਚਲਦੇ ਆ ਰਹੇ ਤੌਰ-ਤਰੀਕਿਆਂ ਨਾਲ ਬੱਝੇ ਹਨ। ਇਸ ਤੋਂ ਇਲਾਵਾ ਸਮਾਜ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਭਾਰਤ ਅਤੇ ਸਮੁੱਚੇ ਏਸ਼ੀਆ ਵਿੱਚ ਏਕਤਾ ਅਸਲ ਵਿਚ ਪ੍ਰਾਚੀਨ ਕਾਲ ਦੀ ਸੱਭਿਅਤਾ 'ਤੇ ਆਧਾਰਿਤ ਹੈ ਅਤੇ ਇਹੀ ਲੜੀ ਵਰਤਮਾਨ ਸਮੇਂ ਵਿੱਚ ਵੀ ਚੱਲ ਰਹੀ ਹੈ। ਅਧਿਆਤਮਵਾਦ, ਪ੍ਰਕਿਤੀ-ਪੂਜਾ, ਅਹਿੰਸਾ, ਪੂਜਾ-ਪਾਠ ਆਦਿ ਅੱਜ ਵੀ ਸਾਡੀ ਸਮਾਜਿਕ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਅਟੁੱਟ ਅੰਗ ਹਨ। ਭਾਰਤੀ ਸੰਸਕ੍ਰਿਤੀ ਅਤੇ ਸੱਭਿਅਤਾ ਮਨੁੱਖੀ-ਜੀਵਨ ਨੂੰ ਪਰਿਭਾਸ਼ਿਤ ਕਰਨ ਦਾ ਇੱਕ ਸਰਲ ਮਾਧਿਅਮ ਹੈ, ਜਿਸ ਵਿੱਚ ਕਈ ਧਰਮਾਂ ਅਤੇ ਜਾਤੀਆਂ ਦਾ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ। ਇਹ ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਹੈ, ਜੋ ਕਿ ਦੁਨੀਆਂ ਦੀਆਂ ਹੋਰਨਾਂ ਸੰਸਕ੍ਰਿਤੀਆਂ ਤੋਂ ਵੱਖਰਾ ਰੁਤਬਾ ਰੱਖਦੀ ਹੈ। ਇਤਿਹਾਸਕਾਰਾਂ ਅਨੁਸਾਰ, "ਭਾਰਤ ਉਹ ਦੇਸ਼ ਹੈ, ਜਿੱਥੋਂ ਸੰਸਕ੍ਰਿਤੀ ਦੀ ਸ਼ੁਰੂਆਤ ਹੋਈ।" ਜ਼ਿਆਦਾਤਰ ਧਰਮਾਂ ਦਾ ਜਨਮ ਵੀ ਭਾਰਤ ਦੀ ਧਰਤੀ 'ਤੇ ਹੋਇਆ, ਜਿਨ੍ਹਾਂ ਨੇ ਆਪਣੀ ਵੱਖਰੀ ਸੰਸਕ੍ਰਿਤੀ ਅਤੇ ਸੱਭਿਅਤਾ ਦੀ ਨੀਂਹ ਰੱਖੀ।

ਸੰਸਕ੍ਰਿਤੀ ਜਾਂ ਸੱਭਿਅਤਾ ਕਿਸੇ ਵੀ ਦੇਸ਼, ਜਾਤੀ ਅਤੇ ਸਮੁਦਾਇ ਦੀ ਆਤਮਾ ਹੁੰਦੀ ਹੈ ਜੋ ਕਿ ਮਾਨਵ ਕਲਿਆਣ ਦੀ ਪਿੱਠ ਭੂਮੀ ਮੰਨੀ ਜਾਂਦੀ ਹੈ। ਕਿਸੇ ਵੀ ਸਮਾਜ ਵਿੱਚ ਪਰਚਲਤ ਸੰਸਕਾਰਾਂ ਅਤੇ ਆਦਰਸ਼ਾਂ ਦਾ ਵੀ ਸੱਭਿਅਤਾ ਅਤੇ ਸੰਸਕ੍ਰਿਤੀ ਦੁਆਰਾ ਹੀ ਬੋਧ ਹੁੰਦਾ ਹੈ। ਭਾਰਤੀ ਸੱਭਿਅਤਾ ਅਤੇ ਸੰਸਕਾਰ ਦਾ ਮੂਲ ਮੰਤਰ ਅਧਿਆਤਮਵਾਦ ਨੂੰ ਹੀ ਮੰਨਿਆ ਜਾਂਦਾ ਹੈ, ਜਿਸ ਦਾ ਅਧਾਰ ਪਰਮਾਤਮਾ 'ਤੇ ਵਿਸ਼ਵਾਸ ਹੈ।

**ਧਰਮ ਅਤੇ ਅਧਿਆਤਮ:**

ਭਾਰਤੀ ਸੰਸਕ੍ਰਿਤੀ ਵਿੱਚ ਧਰਮ ਅਤੇ ਅਧਿਆਤਮ ਦਾ ਡੂੰਘਾ ਸੰਬੰਧ ਹੈ। ਬੇਸ਼ੱਕ, ਆਮ ਤੌਰ 'ਤੇ ਅਧਿਆਤਮ ਨੂੰ ਇਕੋ ਜਿਹਾ ਮੰਨ ਲਿਆ ਜਾਂਦਾ ਹੈ ਪਰ ਦੋਵਾਂ ਵਿੱਚ ਵੀ ਕਾਫ਼ੀ ਅੰਤਰ ਹੈ। ਜਿਵੇਂ 'ਧਰਮ' ਦਾ ਅਰਥ ਹੈ ਧਾਰਣ ਕਰਨਾ, ਉਵੇਂ ਅਧਿਆਤਕ ਤੋਂ ਭਾਵ ਆਪਣੀ ਆਤਮਾ ਦੀ ਖੋਜ ਹੈ। ਭਾਰਤ ਦੀ ਧਾਰਮਿਕ ਵਿਚਾਰਧਾਰਾ ਅਨੁਸਾਰ, ਆਤਮ-ਤੱਤ ਸੰਸਾਰ ਦੇ ਹਰ ਪ੍ਰਾਣੀ ਵਿੱਚ ਮੌਜੂਦ ਹੈ, ਜੋ ਕਿ ਪਰਮਾਤਮਾ ਦਾ ਹੀ ਅੰਸ਼ ਹੈ। ਤੈਤਰੀਯ ਉਪਨਿਸ਼ਦ ਅਨੁਸਾਰ, ਹਰ ਪ੍ਰਾਣੀ ਉਸੇ ਆਤਮਤੱਤ ਰੂਪ, ਪਾਰਬ੍ਰਹਮ ਤੋਂ ਹੀ ਉਤਪੰਨ ਹੁੰਦਾ ਹੈ ਤੇ ਆਖ਼ਿਰ ਉਸੀ ਵਿੱਚ ਵਿਲੀਨ ਹੋ ਜਾਂਦਾ ਹੈ।

**ਅਧਿਆਤਮਵਾਦ ਦੇ ਅਰਥ ਤੇ ਸੰਕਲਪ:**

ਭਾਰਤੀ ਸੰਸਕ੍ਰਿਤੀ, ਧਰਮ ਤੇ ਦਰਸ਼ਨ ਵਿੱਚ ਅਧਿਆਤਮ ਦਾ ਸੰਕਲਪ ਪ੍ਰਾਚੀਨ ਹੈ। ਅਧਿਆਤਮ ਸ਼ਬਦ ਦੀ ਉਤਪੱਤੀ "ਅਧਿ+ਆਤਮ" ਸ਼ਬਦਾਂ ਦੇ ਜੋੜ ਤੋਂ ਹੋਈ, ਜਿਸਦਾ ਅਰਥ ਆਪਣੀ ਆਤਮਾ ਬਾਰੇ ਜਾਨਣਾ ਜਾਂ ਆਪਣੀ ਆਤਮਾ ਦਾ ਚਿੰਤਨ ਕਰਨਾ ਹੈ। ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ, "ਅਧਿ" ਤੋਂ ਭਾਵ ਅਧਿਕਾਰ ਅਤੇ "ਆਤਮਾ" ਤੋਂ ਭਾਵ ਅੰਤਰਕਰਣ, ਮਨ, ਪਾਰਬ੍ਰਹਮ ਆਦਿ ਹਨ।

ਆਤਮਨੰਦ ਵਸ਼ਿਸ਼ਟ ਦਾ ਕਥਨ ਹੈ ਕਿ ਆਤਮਾ ਨੂੰ ਅਧਿਕ੍ਰਿਤ ਕਰਕੇ ਜੋ ਵੀ ਕਿਹਾ ਜਾਵੇ, ਉਸਨੂੰ ਅਧਿਆਤਮ ਕਿਹਾ ਜਾਂਦਾ ਹੈ। ਭਾਰਤੀ ਦਰਸ਼ਨ ਸ਼ਾਸਤਰੀਆਂ ਨੇ ਅਧਿਆਤਮ ਦਾ ਅਰਥ ਕਰਦਿਆਂ ਕਿਹਾ ਹੈ ਕਿ ਅਧਿਆਤਮਵਾਦ ਆਪਣੇ ਚੇਤਨ ਮਨ ਨੂੰ ਜਾਨਣ ਦੀ ਕਲਾ ਹੈ। ਸ਼੍ਰੀਮਦ ਭਗਵਤ ਗੀਤਾ ਦੇ ਅਠਵੇਂ ਅਧਿਆਇ ਵਿੱਚ, ਭਗਵਾਨ ਸ਼੍ਰੀ ਕ੍ਰਿਸ਼ਨ ਨੇ ਆਪਣੇ ਸਵਰੂਪ ਨੂੰ ਅਧਿਆਤਮ ਕਿਹਾ ਹੈ। ਅਧਿਆਤਮਵਾਦੀ ਵਿਦਵਾਨਾਂ ਦਾ ਮੰਨਣਾ ਹੈ ਕਿ ਆਤਮਾ ਪਰਮਾਤਮਾ ਦਾ ਹੀ ਸਰੂਪ ਹੈ ਅਤੇ ਅਧਿਆਤਮਵਾਦ ਆਤਮਾ ਅਤੇ ਪਰਮਾਤਮਾ ਨੂੰ ਜੋੜਨ ਦੀ ਕੜੀ ਹੈ। ਅਧਿਆਤਮ ਦੀ ਅਨੁਭੂਤੀ ਹਰ ਪ੍ਰਾਣੀ ਵਿੱਚ ਨਿਰੰਤਰ ਵੱਧਦੀ ਰਹਿੰਦੀ ਹੈ।

ਅਧਿਆਤਮ ਸ਼ਬਦ ਦਾ ਅਰਥ ਬਾਹਰੀ ਨਾ ਹੋ ਕੇ ਅੰਤਰ-ਮੁੱਖੀ ਹੈ। ਜੇਕਰ ਅਧਿਆਤਮਵਾਦ ਨੂੰ ਅਸਾਨ ਸ਼ਬਦਾਂ ਵਿੱਚ ਸਮਝਣਾ ਹੋਵੇ ਤਾਂ ਇਸ ਦਾ ਅਰਥ ਅਧਿਆਤਮਿਕ ਅਨੁਭੂਤੀ ਹੈ, ਜਿਸ ਨੂੰ ਸੰਸਾਰ ਵਿੱਚ ਕੋਈ ਖੋਹ ਨਹੀਂ ਸਕਦਾ ਕਿਉਂਕਿ ਇਹ ਸੰਸਾਰਿਕ ਵਸਤੂਆਂ ਨਾਲ ਨਹੀਂ ਸਗੋਂ ਅੰਤਰਮਨ ਨਾਲ ਸੰਬੰਧਿਤ ਹੈ। ਅਧਿਆਤਮਕਵਾਦੀ ਪੂਜਾ-ਪਾਠ, ਕ੍ਰਮ-ਕਾਂਡ ਵਰਗੇ ਆਡੰਬਰਾਂ ਨੂੰ ਨਹੀਂ ਮੰਨਦਾ। ਅਧਿਆਤਮਿਕ ਮਨੁੱਖ ਕੇਵਲ ਸਰਬੱਤ ਦੇ ਭਲੇ ਦੀ ਭਾਵਨਾ ਨੂੰ ਮੰਨਦਾ ਹੈ। ਅਧਿਆਤਮ ਦਾ ਭਾਵ ਪਰਮਾਰਥ ਅਤੇ ਪਰਮਾਤਮਾ ਦੇ ਅੱਗੇ ਆਪਣੇ ਆਪ ਨੂੰ ਸਮਰਪਿਤ ਕਰ ਦੇਣਾ ਹੈ। ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਅਧਿਆਤਮ ਦਾ ਕੇਂਦਰ ਬਿੰਦੂ "ਆਤਮਾ" ਹੈ ਭਾਰਤੀ ਧਰਮ ਗ੍ਰੰਥਾਂ ਵਿੱਚ ਆਤਮਾ ਬਾਰੇ ਵਿਸਥਾਰ ਸਹਿਤ ਚਰਚਾ ਮਿਲਦੀ ਹੈ, ਜਿਸ ਅਨੁਸਾਰ ਆਤਮਾ ਜਨਮ-ਮਰਨ ਤੋਂ ਮੁਕਤ, ਸਥਾਈ ਅਤੇ ਸਨਾਤਨ ਹੈ। ਸਾਹਿਤ ਜਗਤ ਵਿੱਚ ਆਤਮਾ ਉੱਪਰ ਕੇਂਦਰਿਤ ਚਿੰਤਨ ਅਧਿਆਤਮਵਾਦ ਅਖਵਾਉਂਦਾ ਹੈ। ਅਧਿਆਤਮਵਾਦ ਦਾ ਭਾਰਤੀ ਸਾਹਿਤ, ਕਲਾ ਅਤੇ ਸੰਗੀਤ 'ਤੇ ਵੀ ਆਪਣਾ ਵਿਆਪਕ ਪ੍ਰਭਾਵ ਹੈ।

**ਅਧਿਆਤਮ ਅਤੇ ਕਲਾ:**

ਭਾਰਤੀ ਸੰਸਕ੍ਰਿਤੀ ਅਤੇ ਸੱਭਿਆਚਾਰ ਵਿੱਚ ਧਰਮ ਅਤੇ ਕਲਾ ਦਾ ਅਹਿਮ ਸਥਾਨ ਹਾਸਿਲ ਹੈ। ਕਲਾ ਕੁਦਰਤੀ ਪ੍ਰਕਾਸ਼ ਹੈ, ਜਿਸਦੇ ਚਾਨਣ ਦੀ ਲੋਅ ਵਿੱਚ ਅਸੀਂ ਅਨੰਤ ਸੁਹੱਪਣ ਨੂੰ ਛੂੰਹਦੇ ਹਾਂ। ਕਲਾ ਦੇ ਅਰਥ ਇੰਨੇ ਵਿਸ਼ਾਲ ਹਨ ਕਿ ਆਦਿ ਕਾਲ ਤੋਂ ਹੀ ਵਿਦਵਾਨ, ਚਿੰਤਕ ਤੇ ਦਾਰਸ਼ਨਿਕ, ਇਸ ਦੇ ਡੂੰਘੇ ਅਰਥ ਸਪੱਸ਼ਟ ਕਰਨ ਲਈ ਯਤਨਸ਼ੀਲ ਰਹੇ ਹਨ। ਭਾਰਤੀ ਪਰੰਪਰਾ ਵਿੱਚ ਕਲਾ ਨੂੰ ਧਰਮ ਉੱਤੇ ਅਧਾਰਿਤ ਮੰਨਿਆ ਗਿਆ ਹੈ। ਇਥੋਂ ਦੇ ਪ੍ਰਾਚੀਨ ਗ੍ਰੰਥਾਂ ਵਿੱਚੋਂ ਕਲਾ ਬਾਰੇ ਸੁਚੱਜੀ ਤੇ ਵਿਸਥਾਰ ਪੂਰਵਕ ਜਾਣਕਾਰੀ ਮਿਲਦੀ ਹੈ। ਕਾਮਸੂਤਰ, ਜੈਨ, ਗ੍ਰੰਥ, ਪ੍ਰਬੰਧ ਕੋਸ਼, ਕਲਾ

ਵਿਲਾਸ, ਸ਼ੁਕਰ ਨੀਤੀ ਆਦਿ ਗ੍ਰੰਥਾਂ ਵਿੱਚ ਉਪਯੋਗੀ ਅਤੇ ਲਲਿਤ ਕਲਾਵਾਂ ਬਾਰੇ ਵਿਸਤਾਰ ਸਹਿਤ ਵਰਣਨ ਮਿਲਦਾ ਹੈ।

ਕੁਦਰਤ ਵਿੱਚ ਸੁੰਦਰਤਾ ਵਿਦਮਾਨ ਹੈ ਅਤੇ ਇਸੇ ਸੁੰਦਰਤਾ ਨੂੰ ਕਲਾ ਕਿਹਾ ਜਾਂਦਾ ਹੈ। ਇਹ ਮਨੁੱਖੀ ਜੀਵਨ ਦਾ ਅਭਿੰਨ ਅੰਗ ਹੈ ਅਤੇ ਹਰ ਖੇਤਰ ਵਿੱਚ ਇਸਦਾ ਰੂਪ ਦਿਖਾਈ ਦਿੰਦਾ ਹੈ। ਕਲਾ ਮਨੁੱਖੀ ਭਾਵਾਂ ਨੂੰ ਪ੍ਰਗਟ ਕਰਨ ਦਾ ਇੱਕ ਸਰਲ ਮਾਰਗ ਹੈ। ਡਾ. ਜੀਤ ਸਿੰਘ ਜੋਸ਼ੀ ਦੇ ਅਨੁਸਾਰ, "ਕਲਾ, ਹੁਨਰ, ਕੁਸ਼ਲਤਾ ਜਾਂ ਅੰਗਰੇਜ਼ੀ ਸ਼ਬਦ ਆਰਟ ਉਨ੍ਹਾਂ ਵਿਸ਼ੇਸ਼ ਮਾਨਵੀ ਘਾੜਤਾਂ, ਸਿਰਜਨਾਵਾਂ ਜਾਂ ਰਚਨਾਵਾਂ ਲਈ ਪ੍ਰਯੋਗ ਹੋਣ ਵਾਲੇ ਸ਼ਬਦ ਹਨ, ਜਿਹੜੇ ਮਨੁੱਖ ਦੀ ਸਹਜ ਤ੍ਰਿਪਤੀ ਕਰਦੇ ਹਨ।" ਇਸੇ ਸੰਦਰਭ ਵਿੱਚ, ਇਕ ਜਗਤ ਪ੍ਰਸਿੱਧ ਚਿੰਤਕ ਕਲਾ ਨੂੰ ਮੂਕ ਭਾਸ਼ਾ ਆਖ ਕੇ ਪਰਿਭਾਸ਼ਤ ਕਰਦਾ ਹੈ। ਦੂਜੇ ਸ਼ਬਦਾਂ ਵਿੱਚ, ਕਲਾ ਉਹ ਸਭ ਕੁਝ ਬਿਆਨ ਕਰਨ ਦੀ ਸਮਰੱਥਾ ਰੱਖਦੀ ਹੈ, ਜਿਹੜੀ ਸਮਰੱਥਾ ਭਾਸ਼ਾ ਅੰਦਰ ਪਾਈ ਜਾਂਦੀ ਹੈ। ਹਰਬਰਟ ਗੰਡ ਅਨੁਸਾਰ ਕਲਾ ਮਨਮੋਹਕ ਰੂਪ ਘੜਨ ਦਾ ਨਾਂ ਹੈ ਅਤੇ ਕਲਾਕਾਰ ਦਾ ਕੰਮ ਨਵੇਂ ਰੂਪ ਨੂੰ ਸਿਰਜਣਾ ਹੈ, ਜਿਹੜਾ ਵੇਖਣ ਵਾਲੇ ਨੂੰ ਚੰਗਾ ਲੱਗੇ। ਇਨ੍ਹਾਂ ਨੂੰ ਸਮਝਣ ਦੀ ਨਹੀਂ, ਕੇਵਲ ਮਹਿਸੂਸ ਕਰਨ ਦੀ ਲੋੜ ਹੈ।

ਵਿਦਵਾਨ ਚਿੱਤਰਕਲਾ ਜਾਂ ਮੂਰਤੀਕਲਾ ਆਦਿ ਨੂੰ ਹੀ ਕਲਾ ਨਹੀਂ ਸਮਝਦਾ, ਸਗੋਂ ਜੀਵਨ ਦੀ ਹਰ ਕਿਰਿਆ ਵਿੱਚ ਕਲਾ ਦਾ ਅੰਸ਼ ਪ੍ਰਵਾਨ ਕਰਦਾ ਹੈ। ਕਲਾ, ਰਚਨਾ ਜਾਂ ਸਿਰਜਣਾ ਸ਼ਬਦ ਦਾ ਪ੍ਰਯੋਗ, ਉਨ੍ਹਾਂ ਅਰਥਾਂ ਵਿੱਚ ਕੀਤਾ ਜਾਂਦਾ ਹੈ। ਕਲਾ ਜੀਵਨ ਦੀ ਸਹਿਜ ਚਾਲ ਅਤੇ ਜੀਵਨ ਦੀਆਂ ਲੋੜਾਂ ਵਿੱਚੋਂ ਆਪ ਮੁਹਾਰੇ ਉਪਜੀ ਹੁੰਦੀ ਹੈ। ਭਾਰਤੀ ਪਰੰਪਰਾ ਵਿੱਚ ਇੱਕ ਪਾਸੇ ਜਿੱਥੇ ਉਪਯੋਗੀ ਕਲਾਵਾਂ ਦਾ ਸੰਬੰਧ ਜੀਵਨ ਨੂੰ ਸਰਲ, ਸੁਖੀ ਬਨਾਉਣ ਨਾਲ ਹੈ, ਦੂਜੀ ਤਰਫ਼ ਲਲਿਤ ਕਲਾਵਾਂ ਦਾ ਸੰਬੰਧ ਮਨੁੱਖ ਨੂੰ ਭੌਤਿਕਤਾ ਤੋਂ ਹਟਾ ਕੇ, ਅਧਿਆਤਮਿਕਤਾ ਵੱਲ ਲੈ ਜਾਣਾ ਹੁੰਦਾ ਹੈ। ਇਨ੍ਹਾਂ ਲਲਿਤ ਕਲਾਵਾਂ ਦਾ ਵਰਗੀਕਰਨ ਵਸਤੂਕਲਾ, ਚਿੱਤਰਕਲਾ, ਮੂਰਤੀ ਕਲਾ, ਸਾਹਿਤ ਕਲਾ, ਸ਼ਿਲਪ ਕਲਾ ਅਤੇ ਸੰਗੀਤ ਕਲਾ ਦੇ ਰੂਪ ਵਿੱਚ ਵੀ ਕੀਤਾ ਗਿਆ। ਅਮਰੀਕਾ ਦੇ ਪ੍ਰਸਿੱਧ ਵਿਦਵਾਨ ਜੇਮਸ ਐਡਗਰ ਸਵੇਨ ਦਾ ਕਥਨ ਹੈ, "ਭਾਰਤੀ ਕਲਾ ਸਮਾਜਿਕ ਰੀਤੀ-ਰਿਵਾਜਾਂ ਅਤੇ ਵਿਸ਼ਵਾਸਾਂ ਦੀ ਭਿੰਨਤਾ ਦੀ ਪ੍ਰਤੀਕਮਈ ਪ੍ਰਤੀਨਿੱਧਤਾ ਕਰਦੀ ਹੈ ਤੇ ਕਲਾ ਨੂੰ ਦੈਵੀ ਸ਼ਕਤੀ ਨਾਲ ਜੋੜਨ ਦਾ ਮੂਲ ਸਾਧਨ ਮੰਨਿਆ ਜਾਂਦਾ ਹੈ। ਕਲਾ, ਲੋਕਾਂ ਦੀ ਸੰਸਕ੍ਰਿਤੀ ਵਿੱਚ ਇੱਕ ਅਨਮੋਲ ਵਿਰਾਸਤ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਭਾਰਤੀ ਕਲਾ, ਧਰਮ ਤੋਂ ਪ੍ਰਭਾਵਿਤ ਹੈ। ਭਾਰਤੀ ਕਲਾ ਅਤੇ ਧਰਮ ਅਤੇ ਅਧਿਆਤਮ ਦੇ ਪ੍ਰਭਾਵ ਸਦਕਾ ਇਸਦਾ ਸਿੱਧਾ ਸੰਬੰਧ ਮਨੁੱਖ ਦੇ ਮਨ ਅਤੇ ਆਤਮਾ ਨਾਲ ਜੁੜ ਜਾਂਦਾ ਹੈ। ਕਲਾ ਹੀ ਮਨੁੱਖੀ ਜੀਵਨ ਨੂੰ ਸਫਲ ਅਤੇ ਸਰਲ ਬਣਾਉਣ ਦਾ ਸਾਧਨ ਹੈ। ਗੁਰੂ ਰਵਿੰਦਰ ਨਾਥ ਟੈਗੋਰ ਅਨੁਸਾਰ, "ਕਲਾ ਦੁਆਰਾ ਮਨੁੱਖ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਿੱਚ ਸਮਰੱਥ ਹੁੰਦਾ ਹੈ। ਇਹੀ ਜਦ ਸੰਗੀਤ ਦੇ ਰੂਪ ਵਿੱਚ ਉਭਰਦੀ ਹੈ ਤਾਂ ਗਾਇਕ ਅਤੇ ਵਾਦਕ ਆਪਣੇ ਗਾਇਨ, ਵਾਦਨ ਦੁਆਰਾ ਸ੍ਰੋਤਿਆਂ ਦੇ ਮਨ ਨੂੰ ਅਨੰਦਿਤ ਕਰ ਦਿੰਦੇ ਹਨ। ਸੰਗੀਤ ਦੀ ਸਾਧਨਾ ਸੁਰਾਂ ਦੀ ਸਾਧਨਾ ਹੈ, ਜਿਸਦੇ ਨਾਲ ਆਤਮਾ ਦਾ ਪਰਮਾਤਮਾ ਨਾਲ ਮੇਲ ਹੁੰਦਾ ਹੈ।

**ਹਵਾਲੇ ਅਤੇ ਟਿੱਪਣੀਆਂ**


1. ਬ੍ਰਿਹਤ ਹਿੰਦੀ ਕੋਸ਼, (ਸੰਪਾ.), ਕਾਲਿਕਾ ਪ੍ਰਸਾਦ, 2001, ਪੰਨਾ-1178.
2. ਜੇ.ਕੇ ਚੋਪੜਾ (ਸੰਪਾ.), ਭਾਰਤੀ ਕਲਾ ਏਵਮ ਸੰਸਕ੍ਰਿਤੀ, ਪੰਨਾ-1.
3. ਹਿੰਦੀ ਪੰਜਾਬੀ ਕੋਸ਼, ਭਾਸ਼ਾ ਵਿਭਾਗ, ਪੰਜਾਬ, 2001, ਪੰਨਾ-971.
4. ਪੰਜਾਬੀ ਪਰਿਆਣਿ ਤੇ ਵਿਪਰਿਆਇ ਕੋਸ਼, (ਸੰਪਾ.), ਗੁਲਵੰਤ ਸਿੰਘ ਤੇ ਹੋਰ, 1983, ਪੰਨਾ-49.
5. ਪੰਜਾਬੀ ਅੰਗਰੇਜ਼ੀ ਕੋਸ਼, (ਸੰਪਾ.), ਐਸ.ਐਸ.ਜੋਸ਼ੀ ਤੇ ਹੋਰ, 1994, ਪੰਨਾ-3.
6. ਰਾਜ ਕੁਮਾਰ (ਡਾ.), ਭਾਰਤੀਯ ਸਮਾਜ ਏਵਮ ਸੰਸਕ੍ਰਿਤੀ, ਪੰਨਾ-4.
7. ਉਹੀ, ਪੰਨਾ-5.
8. ਪ੍ਰਸਨ ਕੁਮਾਰ ਅਚਾਰਿਆ (ਡਾ.), ਭਾਰਤੀਯ ਸੰਸਕ੍ਰਿਤੀ ਅਤੇ ਸੱਭਿਅਤਾ, ਪੰਨਾ-4.
9. ਜੇ.ਕੇ. ਚੋਪੜਾ (ਮੁ.ਸਗ), ਭਾਰਤੀਯ ਕਲਾ ਏਵਮ-ਸੰਸਕ੍ਰਿਤੀ, ਪੰਨਾ-4.
10. ਰਾਜ ਕੁਮਾਰ (ਡਾ.) ਭਾਰਤੀਸ ਸਮਾਜ ਏਵਕ ਸੰਸਕ੍ਰਿਤੀ, ਪੰਨਾ-8.
11. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਾਰ ਮਹਾਨ ਕੋਸ਼, ਪੰਨਾ-56, 97.
12. ਅਸ਼ੋਕ ਕੁਮਾਰ (ਯਮਨ), ਸੰਗੀਤ ਔਰ ਸੰਵਾਦ, ਪੰਨਾ-167.
13. ਮਨਮੋਹਨ ਸਹਿਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ-255.
14. ਜੀਤ ਸਿੰਘ ਜੋਸ਼ੀ (ਡਾ.) ਲੋਕ ਕਲਾ ਅਤੇ ਸਭਿਆਚਾਰ ਮੁੱਢਲੀ ਜਾਣ ਪਛਾਦ, ਪੰਨਾ-47.
15. ਉਹੀ, ਪੰਨਾ-48.
16. ਜੈਮਸ਼ ਐਡਗਰ ਸਵੇਨ, ਵਿਸ਼ਵ ਸੱਭਿਅਤਾ ਦਾ ਇਤਿਹਾਸ, 1993, ਪੰਨਾ-183,183.
17. ਭਾਰਤੀ ਸੰਸਕ੍ਰਿਤੀ, (ਸ..) ਕਲਪਨਾ ਰਾਜਾ ਗਮ, ਪੰਨਾ-143.